# ਝਗਰਾ ਏਕੁ ਨਿਬੇਰਹੁ ਰਾਮ

**ਗਉੜੀ**
**ਝਗਰਾ ਏਕੁ ਨਿਬੇਰਹੁ ਰਾਮ॥**
**ਜਉ ਤੁਮ ਅਪਨੇ ਜਨ ਸੌ ਕਾਮ॥੧॥ਰਹਾਉ॥**

ਇਹ ਸ਼ਬਦ ਭਗਤ ਕਬੀਰ ਸਾਹਿਬ ਦਾ ਉਚਾਰਣ ਕੀਤਾ ਹੋਇਆ ਹੈ ਜੋ ਗਉੜੀ ਰਾਗ ਵਿਚ, ਪੰਨਾ ੩੩੧ ਤੇ ਸੁਭਾਇਮਾਨ ਹੈ।

ਇਸ ਸ਼ਬਦ ਦੇ ਪਿਛੇ, ਭਗਤ ਜੀ ਦਾ ਇਹ ਅਨੁਭਵ ਬੋਲ ਰਿਹਾ ਹੈ ਕਿ ਆਮ ਸੰਸਾਰ ਦੀ ਸੋਚ, ਹਰ ਧਰਮ ਦੇ ਪੁਜਾਰੀ ਵਰਗ ਦੇ ਨਾਲ ਚਲਦੀ ਹੈ। ਪਰ ਭਗਤ ਤੇ ਪੁਜਾਰੀ ਵਰਗ, ਜਿਸ ਵਿਚ ਵਿਦਵਾਨ ਵਰਗ ਵੀ ਸ਼ਾਮਲ ਹੈ, ਦੀ ਸੋਚ ਕਦੇ ਮੇਲ ਨਹੀਂ ਖਾਂਦੀ, ਜਿਵੇਂ ਕਿ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਦਾ, ਪੰਨਾ ੧੪੫ ਤੇ, ਫ਼ੁਰਮਾਣ ਹੈ - 'ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥' ਭਗਤ ਕਬੀਰ ਜੀ ਤਾਂ ਬਹੁਤ ਹੀ ਜ਼ੋਰਦਾਰ ਸ਼ਬਦਾਂ ਵਿਚ ਸਾਫ਼ ਸਾਫ਼ ਬੋਲਦੇ ਹਨ ਕਿ ਬ੍ਰਾਹਮਣੀ/ਵਿਦਵਾਨ ਵਰਗ ਜੋ ਵੀ ਫੁਰਮਾਣ/ਫ਼ਤਵੇ ਜਾਰੀ ਕਰਦਾ ਹੈ, ਭਗਤਾਂ ਦਾ ਵਰਗ ਉਨ੍ਹਾਂ ਨੂੰ ਪ੍ਰਵਾਨ ਨਹੀਂ ਕਰਦਾ - 'ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥... ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥', ਪੰਨਾ ੧੧੫੯. ਪੁਜਾਰੀ ਵਰਗ ਦਾ ਕੰਮ, ਦੁਨੀਆਂ ਨੂੰ ਗੁਮਰਾਹ ਕਰ ਕੇ, ਬੇਵਕੂਫ਼ ਬਣਾ ਕੇ, ਆਪਣੀ ਚੌਧਰ ਕਾਇਮ ਕਰਣਾ ਅਤੇ/ਜਾਂ ਵਧ ਤੋਂ ਵਧ ਧਨ ਬਟੋਰਣਾ ਹੁੰਦਾ ਹੈ। ਭਗਤ ਜੀ ਦੇ ਸਮੇਂ, ਪੁਜਾਰੀ ਅਤੇ ਵਿਦਵਾਨ ਵਰਗ ਇਕ ਹੀ ਸੀ ਜੋ ਆਪਣੇ ਗਿਆਨ ਦਾ ਅਧਾਰ ਧਰਮ ਗ੍ਰੰਥਾਂ ਨੂੰ ਦਸਦਾ ਸੀ। ਪਰ ਅਜ ਦਾ ਵਿਦਵਾਨ ਵਰਗ, ਪੁਜਾਰੀ ਵਰਗ ਤੋਂ ਅਡ ਹੋ ਗਿਆ ਹੈ ਜੋ, ਧਰਮ ਗ੍ਰੰਥਾਂ ਦੇ ਖੰਡਨ ਤਕ ਵੀ ਚਲਾ ਜਾਂਦਾ ਹੈ ਅਤੇ ਆਪਣੀ ਹੀ ਬੁਧੀ ਅਤੇ ਤਰਕ, ਧਰਮ ਗ੍ਰੰਥਾਂ ਤੇ ਵੀ ਥੋਪਣ ਤੋਂ ਗੁਰੇਜ਼ ਨਹੀਂ ਕਰਦਾ। ਸੋਚ, ਦੋਹਾਂ ਵਰਗਾਂ ਦੀ, ਇਕੋ ਹੀ ਹੈ ਅਤੇ ਦੋਵੇਂ ਹੀ ਬੰਦਗੀ ਤੋਂ ਹੀਣੇ ਹਨ, ਅਤੇ ਹਉਮੈ, ਦੋਹਾਂ ਵਰਗਾਂ ਵਿਚ ਪ੍ਰਧਾਨ ਹੈ। ਜਦ ਕਿ **ਭਗਤ ਜਨਾਂ ਦਾ ਕੰਮ, ਦੁਨੀਆਂ ਨੂੰ ਸਿਧੇ ਰਸਤੇ ਪਾ ਕੇ ਰੱਬ ਨਾਲ, ਸਿਮਰਨ ਨਾਲ ਜੋੜਨਾ ਹੁੰਦਾ ਹੈ।** ਦੋਹਾਂ ਦੇ ਮਕਸਦ ਅਤੇ ਰਸਤੇ ਵਿਪਰੀਤ ਹੋਣ ਕਰਕੇ, ਦੋਹਾਂ ਦਾ ਸਦਾ ਹੀ ਟਕਰਾਅ ਬਣਿਆਂ ਰਹਿੰਦਾ ਹੈ। ਇਹ ਆਦਿ ਕਾਲ ਤੋਂ ਹੀ ਚਲਦਾ ਆਇਆ ਹੈ। ਹਰ ਕਾਲ ਵਿਚ, ਹਰ ਧਰਮ ਵਿਚ, ਪੁਜਾਰੀ ਵਰਗ ਨੇ ਭਗਤਾਂ ਦੇ ਮਾਰਗ ਤੇ ਨਾ ਸਿਰਫ਼ ਰੋੜੇ ਹੀ ਅੜਾਏ ਸਗੋਂ ਉਨ੍ਹਾਂ ਨਾਲ ਪੂਰੀ ਦੁਸ਼ਮਣੀ ਵੀ ਨਿਭਾਈ। ਹਰ ਸਮੇਂ ਦਾ ਇਤਿਹਾਸ, ਇਸ ਤਥ ਦਾ ਸਾਖ਼ਸ਼ੀ ਹੈ।

ਇਸ ਸ਼ਬਦ ਵਿਚ ਭਗਤ ਜੀ, ਇਸੇ ਝਗੜੇ ਦੇ ਹਵਾਲੇ ਨਾਲ ਕੁਝ ਕੁ ਨੁਕਤੇ ਉਠਾਉਂਦੇ ਹਨ, ਜੋ ਅਜ ਤਕ ਵੀ ਉਸੇ ਤਰ੍ਹਾਂ ਹੀ ਕਾਇਮ ਹਨ। ਅਜ ਵੀ ਆਮ ਲੋਕਾਂ ਦੇ ਵੀਚਾਰ, ਪੁਜਾਰੀ ਵਰਗ ਵਾਲੇ ਹੀ ਹਨ। ਭਗਤ ਕਬੀਰ ਜੀ ਨੇ ਕੁਝ ਕਟਾਖਮਈ ਸੁਆਲ ਖੜੇ ਕੀਤੇ ਹਨ, ਜਿਨ੍ਹਾਂ ਦਾ ਜੁਆਬ ਵੀ ਉਨ੍ਹਾਂ ਸੁਆਲਾਂ ਵਿਚ ਹੀ ਛੁਪਿਆ ਪਿਆ ਹੈ।

-- ਭਗਤ ਜੀ ਪ੍ਰਭੂ ਨੂੰ ਸੰਬੋਧਨ ਕਰਦਿਆਂ ਬੇਨਤੀ ਕਰਦੇ ਹਨ ਕਿ ਜੇ ਉਸ ਨੂੰ ਆਪਣੇ ਦਾਸ, ਜਨ ਨਾਲ ਕੋਈ ਸਰੋਕਾਰ ਹੈ, ਆਪਣੀ, ਕੋਈ duty ਪੂਰੀ ਕਰਵਾਉਣੀ ਹੈ ਤਾਂ...

ਭਗਤ, ਦੁਨੀਆਂ ਤੇ ਕੋਈ ਖ਼ਾਸ ਜ਼ਿੰਮੇਵਾਰੀ ਦੇ ਕੇ ਹੀ ਭੇਜੇ ਜਾਂਦੇ ਹਨ, ਜਿਵੇਂ ਕਿ ਭਗਤ ਕਬੀਰ ਜੀ ਨੇ ਆਪਣੀ, ਧੁਰੋਂ ਮਿਲੀ ਹੋਈ ਜ਼ਿੰਮੇਵਾਰੀ ਬਾਰੇ, ਅੰਕਤ ਕੀਤਾ ਹੋਇਆ ਹੈ ਕਿ ਵਾਹਿਗੁਰੂ ਨੇ ਉਨ੍ਹਾਂ ਨੂੰ ਭਗਤਾਂ ਦੀ ਮਾਨਤਾ ਕਰਵਾਉਣ ਅਤੇ ਦੁਸ਼ਟਾਂ ਨੂੰ ਦੰਡ ਦੇਣ ਲਈ ਕੋਤਵਾਲੀ ਸੌਂਪੀ ਹੋਈ ਹੈ - 'ਸੰਤਾ ਮਾਨਉ ਦੂਤਾ ਡਾਨਉ   ਇਹ ਕੁਟਵਾਰੀ ਮੇਰੀ॥...'

-- ਹੇ ਰਾਮ ! ਜੇ ਮੈਨੂੰ ਸੌਂਪੀ ਜ਼ਿੰਮੇਵਾਰੀ ਪੂਰੀ ਕਰਵਾਉਣੀ ਹੈ ਤਾਂ ਪਹਿਲੇ ਮੇਰਾ ਇਸ ਪੁਜਾਰੀ ਵਰਗ ਨਾਲ ਪਿਆ ਵਿਵਾਦ ਜਾਂ ਝਗੜਾ ਨਿਬੇੜ ਦਿਓ।੧।ਰਹਾਉ।

ਭਗਤਾਂ ਦਾ ਪ੍ਰਭੂ ਤੇ ਅਜਿਹਾ ਦਾਈਆ, ਧੁਰ ਤੋਂ ਚਲਦਾ ਆ ਰਿਹਾ ਹੈ। ਜਿਵੇਂ ਭਗਤ ਸਧਨਾ ਜੀ ਦੇ ਬਚਨਾਂ ਵਿਚ ਬੇਨਤੀ ਅਤੇ ਦਾਈਆ, ਦੋਵੇਂ ਨਾਲ ਨਾਲ ਚਲ ਰਹੇ ਹਨ। ਆਪ ਜੀ, ਪ੍ਰਭੂ ਤਾਈਂ ਕਹਿੰਦੇ ਹਨ ਕਿ ਹੇ ਜਗਤ ਦੇ ਗੁਰੂ ! ਮੇਰਾ ਤੇਰੀ ਸ਼ਰਣ ਵਿਚ ਕਾਹਦਾ ਆਉਣਾ, ਜੇ ਫ਼ਿਰ ਵੀ ਮੇਰੇ ਚੰਗੇ-ਮੰਦੇ ਕਰਮਾਂ ਦਾ ਨਾਸ ਨਾ ਕਰੇਂ, ਜਿਵੇਂ ਸ਼ੇਰ ਦੀ ਸ਼ਰਣ ਦਾ ਕੀ ਲਾਭ ਜੇ, ਫ਼ਿਰ ਵੀ ਗਿਦੜ ਦਾ ਹੀ ਡਰ ਬਣਿਆ ਰਹੇ ਤੇ ਉਹ ਹੀ ਖਾਈ ਜਾਵੇ। ਚੇਤੇ ਰਹੇ, ਕਰਮ ਚੰਗੇ ਹੋਣ, ਭਾਵੇਂ ਮੰਦੇ, ਬੰਧਨ ਦਾ ਹੀ ਮੂਲ ਹਨ। ਪਾਰ ਹੋਣ ਲਈ, ਗੁਰੂ ਕਿਰਪਾ ਦੁਆਰਾ, ਕਰਮਾਂ ਦੇ ਫ਼ਲਾਂ ਦਾ ਨਾਸ ਹੋਣਾ ਲਾਜ਼ਮੀ ਹੈ। ਇਸ ਲਈ ਬੇਨਤੀ ਕਰਦੇ ਹਨ - 'ਤਵ ਗੁਨ ਕਹਾ ਜਗਤ ਗੁਰਾ  ਜਉ ਕਰਮੁ ਨ ਨਾਸੈ॥ ਸਿੰਘ ਸਰਨ ਕਤ ਜਾਈਐ  ਜਉ ਜੰਬੁਕੁ ਗ੍ਰਾਸੈ॥', ਪੰਨਾ ੮੫੮. ਇਸੇ ਤਰ੍ਹਾਂ ਭਗਤ ਨਾਮਦੇਵ ਜੀ ਕਹਿ ਦਿੰਦੇ ਹਨ ਕਿ ਜੇ ਮਰਣ ਤੋਂ ਬਾਅਦ ਮੁਕਤੀ ਦਿਓਗੇ ਤਾਂ ਕਿਸੇ ਨੂੰ ਕੀ ਪਤਾ ਲਗੇਗਾ। ਇਹ ਤਾਂ ਹੁਣ ਇਨ੍ਹਾਂ ਹੰਕਾਰੀਆਂ ਨੂੰ ਸਬਕ ਸਿਖਾਓ ਤਾਂ ਸਭ ਨੂੰ ਪਤਾ ਲਗੇ ਕਿ ਤੂੰ ਭਗਤ ਵਛਲ ਹੈਂ। ਭਗਤ ਦਾ ਇਹ ਦਾਈਆ ਕਬੂਲ ਕਰ ਕੇ ਪਾਤਸ਼ਾਹ ਨੇ ਦੇਹੁਰਾ ਨਾਮਦੇਵ ਜੀ ਵਲ ਫ਼ੇਰ ਕੇ ਪੁਜਾਰੀ ਵਰਗ ਨੂੰ ਪਿਠ ਦਿਖਾ ਦਿਤੀ - 'ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥... ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥', ਪੰਨਾ ੧੨੯੨. ਇਸੇ ਤਰ੍ਹਾਂ ਇਤਿਹਾਸ ਵਿਚ ਅਨੇਕਾਂ ਵੇਰ ਪ੍ਰਭੂ ਨੇ ਆਪਣੇ ਭਗਤਾਂ ਦੀ ਇਜ਼ਤ ਅਤੇ ਜਾਨ ਦੀ, ਪੁਜਾਰੀ ਵਰਗ ਤੋਂ ਰਖਿਆ ਕੀਤੀ।

ਇਸ ਸ਼ਬਦ ਵਿਚ ਵੀ ਪੁਜਾਰੀ/ਵਿਦਵਾਨ ਵਰਗ ਵਲੋਂ ਫੈਲਾਏ ਭਰਮ ਜਾਲ ਬਾਰੇ ਪ੍ਰਸ਼ਨ ਰੂਪ ਵਿਚ ਕਿੰਤੂ ਕਰ ਰਹੇ ਹਨ, ਜੋ ਉਨ੍ਹਾਂ ਨੇ ਅਗਲੇ ਪਦਿਆਂ ਵਿਚ ਦਸੇ ਹਨ :

ਇਹੁ ਮਨੁ ਬਡਾ ਕਿ ਜਾ ਸਉ ਮਨੁ ਮਾਨਿਆ॥
ਰਾਮੁ ਬਡਾ ਕੈ ਰਾਮਹਿ ਜਾਨਿਆ॥੧॥

-- ਪ੍ਰਸ਼ਨ ਉਠਾਇਆ ਹੈ ਕਿ ਇਹ ਆਪਣਾ ਮਨ ਵਡਾ ਹੈ ਜਾਂ ਜਿਸ ਨਾਲ ਇਹ ਮਨ ਪਤੀਜ ਗਿਆ ਹੈ, ਉਹ ਵਡਾ ਹੈ?

ਭਗਤ ਜੀ ਦੇ ਬਚਨ ਕਰਨ ਦਾ ਭਾਵ ਇਹ ਬਣਿਆ ਕਿ ਜਿਸ ਨਾਲ ਸਾਡਾ ਮਨ ਮੰਨ ਜਾਵੇ, ਉਹ ਵਡਾ ਹੈ। ਜਿਵੇਂ ਇਕ ਸਿਖ ਦਾ ਮਨ ਸ੍ਰੀ ਗੁਰੂ ਨਾਨਕ ਸਾਹਿਬ ਨਾਲ ਮੰਨ ਗਿਆ, ਪਤੀਜ ਗਿਆ, ਤਾਂ ਫ਼ਿਰ ਗੁਰੂ ਨਾਨਕ ਹੀ ਵਡਾ ਹੈ; ਇਥੇ ਸਿਖ ਕਿਵੇਂ ਵਡਾ ਹੋ ਸਕਦਾ ਹੈ !

-- ਰਾਮ, ਪ੍ਰਭੂ ਵਡਾ ਹੈ ਕਿ ਪ੍ਰਭੂ ਨੂੰ ਜਾਣਨ ਵਾਲਾ ਵਡਾ ਹੈ?੧।

ਬੇ-ਸ਼ੱਕ ਰਾਮ, ਪ੍ਰਭੂ ਹੀ ਵਡਾ ਹੈ, ਰਾਮ ਪ੍ਰਭੂ ਨੂੰ ਜਾਣਨ ਵਾਲਾ ਤਾਂ ਸਿਖ ਜਾਂ ਜਨ ਜਾਂ ਭਗਤ ਹੀ ਕਹਾਇਆ ਜਾਏਗਾ। ਜਨ, ਪ੍ਰਭੂ ਤੋਂ ਵਡਾ ਕਿਵੇਂ ਹੋ ਸਕਦਾ ਹੈ?, ਭਾਵ, ਨਹੀਂ ਹੋ ਸਕਦਾ।

ਮਿਸਾਲ ਦੇ ਤੌਰ ਤੇ ਹਨੂਮਾਨ ਨੇ ਰਾਮ ਦੀ ਭਗਤੀ ਕੀਤੀ ਤਾਂ ਸ੍ਰੀ ਰਾਮ ਚੰਦਰ ਜੀ ਹੀ ਵਡੇ ਸੀ, ਨਾ ਕਿ ਹਨੂਮਾਨ। ਪਰ ਹਿੰਦੁਸਤਾਨ ਵਿਚ ਸ੍ਰੀ ਰਾਮ ਚੰਦਰ ਜੀ ਨਾਲੋਂ ਕਿਤੇ ਵਧ ਮੰਦਰ ਹਨੂਮਾਨ ਦੇ ਮਿਲਦੇ ਹਨ।

ਦੂਜੀ ਮਿਸਾਲ ਇਹ ਕਿ ਸ੍ਰੀ ਕ੍ਰਿਸ਼ਨ ਜੀ ਦੇ ਨਾਮ ਲੇਵਾ ਨਾਲੋਂ, ਰਾਧਾ ਦੇ ਨਾਮ ਲੇਵਾ ਵਧ ਹਨ ਜੋ ਸਿਰਫ਼ ਰਾਧੇ ਰਾਧੇ ਹੀ ਕਰੀ ਜਾਂਦੇ ਹਨ। ਰਾਧਾ ਦਾ ਮਨ ਸ੍ਰੀ ਕ੍ਰਿਸ਼ਨ ਜੀ ਨਾਲ ਮੰਨ ਗਿਆ ਜਾਂ ਪਸੀਜ ਗਿਆ, ਪਰ ਸਮੇਂ ਦੇ ਮਾਲਕ ਤਾਂ ਸ੍ਰੀ ਕ੍ਰਿਸ਼ਨ ਜੀ ਹੀ ਸਨ, ਰਾਧਾ ਨਹੀਂ।

ਪੁਜਾਰੀ ਵਰਗ ਅਤੇ ਦੁਨੀਆਂ ਦੀ ਅਜਿਹੀ ਸੋਚ ਨਾਲ ਭਗਤ ਜੀ ਸਹਿਮਤ ਨਹੀਂ। ਪ੍ਰਭੂ ਨੂੰ ਜਾਣਨ ਵਾਲਾ, ਪ੍ਰਭੂ ਤੋਂ ਹਮੇਸ਼ਾਂ, ਛੋਟਾ ਹੀ ਨਹੀਂ ਬਲਕਿ ਧੂੜ ਦੇ ਕਿਣਕੇ ਸਮਾਨ ਹੀ ਹੈ। ਕਬੀਰ ਸਾਹਿਬ ਦਾ ਮਨ, ਭਗਵਾਨ ਸ੍ਰੀ ਕ੍ਰਿਸ਼ਨ ਜੀ ਨਾਲ ਮੰਨ ਗਿਆ। ਉਹ ਸ੍ਰੀ ਕ੍ਰਿਸ਼ਨ ਜੀ ਨੂੰ ਆਪਣੀ ਰਚਨਾ ਵਿਚ, ਸਿਰ ਝੁਕਾਉਂਦੇ ਨਹੀਂ ਥਕਦੇ, ਭਾਵੇਂ ਸਿਮਰਣ ਭਗਤੀ ਉਹ ਅਕਾਲ ਪੁਰਖ ਦੀ ਹੀ ਕਰਦੇ ਹਨ।

**ਬ੍ਰਹਮਾ ਬਡਾ ਕਿ ਜਾਸੁ ਉਪਾਇਆ॥**
**ਬੇਦੁ ਬਡਾ ਕਿ ਜਹਾਂ ਤੇ ਆਇਆ॥੨॥**

-- ਬ੍ਰਹਮਾ ਵਡਾ ਹੈ ਜਾਂ ਜਿਸਨੇ ਉਸਨੂੰ ਪੈਦਾ ਕੀਤਾ ਹੈ, ਵਡਾ ਹੈ?

-- ਵੇਦ, ਭਾਵ, ਧਰਮ ਗ੍ਰੰਥ ਵਡਾ ਹੈ ਜਾਂ ਜਿਥੋਂ ਧਰਮ ਗ੍ਰੰਥ ਆਇਆ ਹੈ, ਭਾਵ, ਜਿਸਨੇ ਪੈਦਾ ਕੀਤਾ ਹੈ, ਉਹ ਵਡਾ ਹੈ?੨।

ਬੜਾ ਸਾਧਾਰਣ ਜਿਹਾ ਤਰਕ ਹੈ ਕਿ ਕਰਤਾ, ਹਮੇਸ਼ਾਂ ਹੀ ਆਪਣੀ ਕਿਰਤ ਤੋਂ ਵਡਾ ਹੁੰਦਾ ਹੈ। ਕੋਈ ਵੀ ਧਰਮ ਗ੍ਰੰਥ ਆਪੇ ਨਹੀਂ ਆਇਆ ਬਲਕਿ ਕਿਸੇ ਨਾ ਕਿਸੇ ਮਹਾਤਮਾ ਨੇ ਹੀ ਰਚਿਆ। ਜੇ ਉਹ ਮਹਾਤਮਾ, ਇਕ ਗ੍ਰੰਥ ਰਚ ਸਕਦਾ ਸੀ ਤਾਂ ਜ਼ਿਆਦਾ ਵੀ ਰਚ ਸਕਦਾ ਸੀ। ਤਾਂ ਫ਼ਿਰ ਰਚਣਹਾਰ, ਮਹਾਤਮਾ ਹੀ ਵਡਾ ਹੋਇਆ। ਪਰ ਹਰ ਧਰਮ ਵਿਚਲਾ ਪੁਜਾਰੀ ਵਰਗ, ਧਰਮ ਗ੍ਰੰਥਾਂ ਅਤੇ ਸ਼ਾਸਤਰਾਂ ਨੂੰ ਹੀ ਵਡਾ ਮੰਨਦਾ ਰਿਹਾ ਹੈ ਤਾਂਕਿ ਉਹ ਉਨ੍ਹਾਂ ਦੇ ਅਰਥ ਤੋੜ ਮਰੋੜ ਕੇ, ਨਾ-ਸਮਝ ਲੋਕਾਂ ਨੂੰ ਭਰਮਾ ਕੇ, ਆਪਣਾ ਉਲੂ ਸਿਧਾ ਕਰ ਸਕੇ। ਅਜ ਵੀ ਧਰਮ ਗ੍ਰੰਥਾਂ ਨੂੰ ਮਹਾਤਮਾ ਦੇ ਤੁਲ ਜਾਂ ਉਪਰ ਮੰਨਿਆਂ ਜਾਂਦਾ ਹੈ। ਭਗਤ ਕਬੀਰ ਜੀ ਪੰਡਿਤ/ਵਿਦਵਾਨ ਨੂੰ ਖ਼ਬਰਦਾਰ ਕਰਦੇ ਹਨ ਕਿ ਜਿਸ ਮੁਖ ਤੋਂ, ਭਾਵ, ਜਿਸ ਮਹਾਤਮਾ ਰਾਹੀਂ ਵੇਦ, ਗਾਇਤ੍ਰੀ ਆਦਿ ਧਰਮ ਗ੍ਰੰਥ ਨਿਕਲੇ, ਉਚਾਰਣ ਹੋਏ ਹਨ, ਉਸ ਨੂੰ ਤੂੰ ਕਿਉਂ ਭੁਲ ਰਿਹਾ ਹੈਂ - 'ਜਿਹ ਮੁਖਿ ਬੇਦੁ ਗਾਇਤ੍ਰੀ ਨਿਕਸੈ ਸੋ ਕਿਉ ਬ੍ਰਹਮਨੁ ਬਿਸਰੁ ਕਰੈ॥', ਪੰਨਾ ੯੭੦.

ਭਾਈ ਗੁਰਦਾਸ ਜੀ ਨੇ ਸਪੱਸ਼ਟ ਤੌਰ ਤੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ 'ਹਾਜਰੁ ਨਾਜਰੁ ਵੇਦ ਕਿਤਾਬਾ' ਲਿਖਿਆ ਹੈ, ਭਾਵ ਉਹ ਖੁਦ ਹੀ ਹਾਜ਼ਰ ਨਾਜ਼ਰ ਧਰਮ ਗ੍ਰੰਥ ਸਨ। ਸ੍ਰੀ ਗੁਰੂ ਰਾਮਦਾਸ ਸਾਹਿਬ ਅਨੁਸਾਰ, ਜੋ ਕੁਝ ਵੀ ਭਗਤ ਮੂੰਹੋਂ ਬੋਲਣ, ਉਹ ਵਾਕ, ਧਰਮ ਗ੍ਰੰਥ ਦਾ ਦਰਜਾ ਰਖਦੇ ਹਨ - 'ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥', ਪੰਨਾ ੩੦੬. ਗੁਰੂ ਸਾਹਿਬਾਨ, ਇਕ ਇਕ ਚੌਂਕੜੀ ਵਿਚ ਹੀ ਕਿਤਨੀ ਹੀ ਬਾਣੀ ਉਚਾਰ ਦਿੰਦੇ ਸਨ। ਉਹ ਬਾਣੀ ਦੇ ਕਰਤਾ ਸਨ, ਬਾਣੀ ਉਨ੍ਹਾਂ ਦੀ ਕੀਤੀ ਹੋਈ ਹੈ, ਆਦਿ ਗ੍ਰੰਥ, ਸ੍ਰੀ ਦਸਮ ਗ੍ਰੰਥ ਉਨ੍ਹਾਂ ਦੀਆਂ ਰਚਨਾਵਾਂ ਹਨ। ਉਹ ਗਲ ਵਖ ਹੈ ਕਿ ਇਸ ਵਿਚ ਕਰਤੇ ਦੀ ਉਸਤਤਿ ਹੋਣ ਕਰਕੇ ਉਹ ਆਪ ਵੀ ਪੋਥੀ ਸਾਹਿਬ ਦਾ ਸਤਿਕਾਰ ਕਰਦੇ ਸਨ।

**ਕਹਿ ਕਬੀਰ ਹਉ ਭਇਆ ਉਦਾਸੁ॥**
**ਤੀਰਥੁ ਬਡਾ ਕਿ ਹਰਿ ਕਾ ਦਾਸੁ॥੩॥੪੨॥**

-- ਭਗਤ ਕਬੀਰ ਜੀ ਕਹਿੰਦੇ ਹਨ ਕਿ ਉਹ ਦੁਨੀਆਂ ਦੀਆਂ ਬੇ-ਹੁਦਾ, ਬੇ-ਤੁਕੀਆਂ ਗਲਾਂ ਸੁਣ ਕੇ ਉਦਾਸ ਹੋ ਜਾਂਦੇ ਹਨ।

-- ਤੀਰਥ ਵਡਾ ਹੈ ਕਿ ਹਰੀ ਦਾ ਦਾਸ, ਸੰਤ? ।੩।੪੨। ਪ੍ਰਸ਼ਨ ਆਪਣੇ ਆਪ ਵਿਚ ਹੀ ਸਪੱਸ਼ਟ ਉਤਰ ਹੈ ਕਿ ਹਰੀ ਦਾ ਦਾਸ ਹੀ ਵਡਾ ਹੈ।

ਬ੍ਰਾਹਮਣੀ ਜਮਾਤ ਅਤੇ ਆਮ ਲੋਕਾਂ ਅਨੁਸਾਰ ਤੀਰਥ ਮਹਾਨ ਹੈ, ਕਿਉਂਕਿ ਇਸ ਨਾਲ, ਇਸ ਜਮਾਤ ਨੂੰ ਚੋਖਾ ਚੜ੍ਹਾਵਾ ਚੜ੍ਹਦਾ ਹੈ, ਪਰ ਭਗਤ ਜੀ ਅਨੁਸਾਰ ਮਹਾਤਮਾ ਜਾਂ ਹਰੀ ਦਾ ਦਾਸ ਵਡਾ ਹੈ, ਕਿਉਂਕਿ ਜਿਥੇ ਮਹਾਤਮਾ ਬੈਠ ਜਾਵੇ, ਉਹ ਸਥਾਨ ਤੀਰਥ ਬਣ ਜਾਂਦਾ ਹੈ। ਨਾਲ ਹੀ, ਸਾਧੂ ਦੇ ਚਰਨਾਂ ਦੀ ਧੂੜ ਪਰਾਪਤ ਹੋਣ ਨਾਲ ਸਾਰੇ ਤੀਰਥਾਂ ਦਾ ਇਸ਼ਨਾਨ ਤਾਂ ਹੋ ਹੀ ਜਾਂਦਾ ਹੈ, ਸਗੋਂ ਸਾਧੂ ਦੀ ਧੂੜ ਵਿਚ ਤਾਂ ਮੁਕਤੀ ਦੇਣ ਦੀ ਵੀ ਸਮਰਥਾ ਹੈ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਪੰਨਾ ੮੯੦ ਤੇ ਫ਼ੁਰਮਾਣ ਹੈ ਕਿ ਜਿਥੇ ਸਾਧੂ ਆਪਣੇ ਚਰਣ ਧਰਦਾ ਹੈ ਉਹੀ ਸਥਾਨ ਅਠਾਹਠ ਤੀਰਥ ਬਣ ਜਾਂਦਾ ਹੈ, ਜਿਥੇ ਉਹ ਸਿਮਰਨ ਕਰਦਾ ਹੈ ਉਹ ਸਥਾਨ ਬੈਕੁੰਠ ਬਣ ਜਾਂਦਾ ਹੈ, ਉਸ ਸਾਧੂ ਦੇ ਦਰਸ਼ਨ ਕਰਨ ਨਾਲ ਸਾਰੇ ਅਨੰਦ ਪ੍ਰਾਪਤ ਹੋ ਜਾਂਦੇ ਹਨ, ਸੋ ਅਸੀਂ ਵੀ ਰਾਮ ਪ੍ਰਭੂ ਦੇ ਗੁਣਾਂ ਦਾ ਨਿਤ ਸਿਮਰਨ ਕਰੀਏ - 'ਅਠਸਠਿ ਤੀਰਥ ਜਹ ਸਾਧ ਪਗ ਧਰਹਿ॥ ਤਹ ਬੈਕੁੰਠੁ ਜਹ ਨਾਮੁ ਉਚਰਹਿ॥ ਸਰਬ ਅਨੰਦ ਜਬ ਦਰਸਨੁ ਪਾਈਐ॥ ਰਾਮ ਗੁਣਾ ਨਿਤ ਨਿਤ ਹਰਿ ਗਾਈਐ॥' ਫ਼ਿਰ ਫ਼ੁਰਮਾਣ ਕਰਦੇ ਹਨ ਕਿ ਸਮੂਹ ਤੀਰਥਾਂ, ਵਰਤਾਂ ਅਤੇ ਲੱਖਾਂ ਤਰ੍ਹਾਂ ਦੇ ਸੰਜਮਾਂ ਦਾ ਫ਼ਲ, ਸਾਧੂ ਦੀ ਧੂੜ ਤੋਂ ਪ੍ਰਾਪਤ ਹੋ ਜਾਂਦਾ ਹੈ - 'ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ ਧੂਰਿ॥', ਪੰਨਾ ੪੮. ਪੰਨਾ ੧੮੯ ਤੇ ਵੀ ਫ਼ੁਰਮਾਣ ਕੀਤਾ ਹੈ ਕਿ ਸੰਤ ਦਾ ਦਰਸ਼ਨ ਹੀ ਪੂਰਨ ਇਸ਼ਨਾਨ ਹੁੰਦਾ ਹੈ - 'ਸੰਤ ਕਾ ਦਰਸੁ ਪੂਰਨ ਇਸਨਾਨੁ॥' ਸਗੋਂ, ਤੀਰਥ ਤਾਂ ਸਾਧੂ ਦੇ ਚਰਨਾਂ ਦੀ ਧੂੜ ਦੀ ਤਾਂਘ ਰਖਦੇ ਹਨ, ਜਿਵੇਂ ਕਿ ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ - 'ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ॥', ਪੰਨਾ ੧੨੬੩.

ਪਰ ਅਜ, ਹਿੰਦੂਆਂ ਦੀ ਤਾਂ ਗਲ ਛੱਡ ਹੀ ਦਈਏ, ਸਿਖਾਂ ਵਿਚ ਵੀ '**ਸਾਧੂ ਦੀ ਧੂੜ**' ਦੀ ਤਾਂ ਖਿੱਲੀ ਉਡਾਈ ਜਾ ਰਹੀ ਹੈ ਅਤੇ ਤੀਰਥ ਸਥਾਨਾਂ ਦੇ ਭ੍ਰਮਣ ਦਾ ਪਰਚਾਰ ਜ਼ੋਰਾਂ ਤੇ ਹੈ। ਅਜ, ਜਿਨ੍ਹਾਂ ਨੂੰ ਕੁਝ ਲੋਕ ਭਗਤ ਸਮਝ ਬੈਠਦੇ ਹਨ, ਉਹ ਭਗਤੀ ਤੋਂ ਕੋਹਾਂ ਦੂਰ ਹੁੰਦੇ ਹਨ। ਭਗਤ ਦਾ ਮਿਲਣਾ, ਵਡੇ ਭਾਗਾਂ ਨਾਲ ਹੁੰਦਾ ਹੈ।

ਸੋ ਅਜਿਹੇ ਹਾਲਾਤ ਵਿਚ, ਭਗਤ ਕਬੀਰ ਜੀ ਵਾਂਙੂੰ, ਕਿਸੇ ਵੀ ਭਗਤ ਦਾ ਉਦਾਸ ਹੋਣਾ ਸੁਭਾਵਕ ਹੀ ਹੈ।

